# ਬੀਸੀ ਦੇ ਸੂਬਾਈ ਅਤੇ ਸੰਘੀ ਪੋਸ਼ਣ ਲਾਭ ਪ੍ਰੋਗਰਾਮਾਂ ਦੀ ਸੰਖੇਪ ਜਾਣਕਾਰੀ

## BC ਸੂਬਾਈ ਪੋਸ਼ਣ ਲਾਭ ਪ੍ਰੋਗਰਾਮ

ਸੂਬਾਈ ਪੋਸ਼ਣ ਲਾਭ ਬੀਸੀ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪਾਵਰਟੀ ਰਿਡਕਸ਼ਨ ਰਾਹੀਂ ਸਿਹਤ ਪੂਰਕਾਂ ਅਤੇ ਪ੍ਰੋਗਰਾਮਾਂ ਦਾ ਹਿੱਸਾ ਹਨ। ਮੰਤਰਾਲੇ ਦੀਆਂ ਸੇਵਾਵਾਂ ਵਿੱਚ ਆਮਦਨ ਸਹਾਇਤਾ , ਅਪੰਗਤਾ ਸਹਾਇਤਾ, ਅਤੇ BC ਰੁਜ਼ਗਾਰ ਅਤੇ ਸਹਾਇਤਾ ਪ੍ਰੋਗਰਾਮ (BCEA) ਸ਼ਾਮਲ ਹਨ। BCEA ਪੋਸ਼ਣ ਲਾਭਾਂ ਵਿੱਚ ਸ਼ਾਮਲ ਹਨ:

- ਬੱਚਿਆਂ ਦੇ ਫਾਰਮੂਲੇ ਸਮੇਤ, ਪੋਸ਼ਣ ਸੰਬੰਧੀ ਪੂਰਕ
- ਖੁਰਾਕ ਸੰਬੰਧੀ ਪੂਰਕ (Diet Supplements)
- ਪੋਸ਼ਣ ਸੰਬੰਧੀ ਮਾਸਿਕ ਪੂਰਕ
- ਟਿਊਬ ਫੀਡ ਪੂਰਕ
- ਜਨਮ ਸੰਬੰਧੀ (Natal) ਪੂਰਕ

ਪਾਤਰਤਾ ਅਤੇ ਐਪਲੀਕੇਸ਼ਨ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਇੱਥੇ

ਦੇਖੋ:https://www2.gov.bc.ca/gov/content/governments/policies-for-government/bcea-policy-and-procedure-manual/health-supplements-and-programs/

ਸੂਬਾਈ ਪੋਸ਼ਣ ਲਾਭ ਪ੍ਰੋਗਰਾਮਾਂ ਵਾਸਤੇ ਰੇਟ ਦੀਆਂ ਰਾਸ਼ੀਆਂ ਇੱਥੇ ਦੇਖੋ: https://www2.gov.bc.ca/gov/content/governments/policies-for-government/bcea-policy-and-procedure-manual/bc-employment-and-assistance-rate-tables/health-supplements-and-programs-rate-table

ਹੇਠਾਂ ਸੂਬਾਈ ਪੋਸ਼ਣ ਲਾਭ ਪ੍ਰੋਗਰਾਮਾਂ ਬਾਰੇ ਹੋਰ ਜਾਣੋ।



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

## A. ਪੋਸ਼ਣ ਸੰਬੰਧੀ ਪੂਰਕ ਨੀਤੀ (Nutritional Supplements)

**Policy:**

https://www2.gov.bc.ca/gov/content/governments/policies-for-government/bcea-policy-and-procedure-manual/health-supplements-and-programs/nutritional-supplements

### ਪੋਸ਼ਣ ਸੰਬੰਧੀ ਪੂਰਕ

*ਆਮਦਨੀ ਸੰਬੰਧੀ ਸਹਾਇਤਾ* ਜਾਂ *ਅਪੰਗਤਾ ਸੰਬੰਧੀ ਸਹਾਇਤਾ* ਪ੍ਰਾਪਤ ਕਰ ਰਹੇ ਕਲਾਇੰਟ ਜਾਂ ਉਨ੍ਹਾਂ ਦਾ ਨਿਰਭਰ ਬੱਚਾ ਇੰਨਾਂ ਤੋਂ ਠੀਕ ਹੋਣ ਲਈ ਤਿੰਨ (3) ਮਹੀਨੇ ਤੱਕ ਵਾਸਤੇ ਕੈਲੋਰੀਆਂ ਦੇ ਅਨੁਪੂਰਣ (ਉਦਾਹਰਣ ਲਈ, ਬੂਸਟ (Boost)® ਜਾਂ ਏਨਸ਼ੋਰ (Ensure)®) ਦੇ ਹੱਕਦਾਰ ਹਨ:

- ਸਰਜਰੀ
- ਗੰਭੀਰ ਸੱਟ
- ਗੰਭੀਰ ਬਿਮਾਰੀ
- ਮੈਡੀਕਲ ਇਲਾਜ ਦੇ ਬੁਰੇ ਪ੍ਰਭਾਵ

ਪੋਸ਼ਣ ਸੰਬੰਧੀ ਪੂਰਕ ਮੁਹੱਈਆ ਨਹੀਂ ਕੀਤੇ ਜਾਂਦੇ ਜਿਥੇ ਉਨ੍ਹਾਂ ਨੂੰ ਭੋਜਨ ਦੀ ਥਾਂ ਤੇ ਵਰਤਿਆ ਜਾਵੇਗਾ।

**ਅਪਲਾਈ ਕਰਨ ਲਈ:**ਇੱਕ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਰਜਿਸਟਰਡ ਡਾਇਟੀਸ਼ੀਅਨ ਦੁਆਰਾ ਲਿਖਤ ਪੁਸ਼ਟੀ ਦਿੱਤੀ ਜਾਣੀ ਜ਼ਰੂਰੀ ਹੈ। ਦਸਤਾਵੇਜ਼ਾਂ ਵਿੱਚ ਤਸ਼ਖ਼ੀਸ ਅਤੇ ਉਤਪਾਦ ਦੀ ਲੋੜ ਲਈ ਕਾਰਨ, ਲੁੜੀਂਦੇ ਉਤਪਾਦ ਦਾ ਨਾਮ, ਲੁੜੀਂਦੇ ਉਤਪਾਦ ਦੀ ਮਾਤਰਾ, ਉਤਪਾਦ ਵਾਸਤੇ ਕੀਮਤ ਦਾ ਹਵਾਲਾ, ਅਤੇ ਲੋੜ ਦੀ ਉਮੀਦ ਕੀਤੀ ਗਈ ਮਿਆਦ (ਅਧਿਕਤਮ 3 ਮਹੀਨਿਆਂ ਤੱਕ ਲਈ) ਸ਼ਾਮਲ ਹੋਣਾ ਜ਼ਰੂਰੀ ਹੈ। ਇਹ ਜਾਣਕਾਰੀ ਕਲਾਇੰਟ ਦੇ ਇੰਮਪਲੋਏਮੈਂਟ ਅਤੇ ਇਨਕਮ ਅਸਿਸਟੈਂਸ ਪ੍ਰੋਗਰਾਮ ਨੂੰ ਭੇਜਿਆ ਜਾਣਾ ਜ਼ਰੂਰੀ ਹੈ।

### ਬੱਚਿਆਂ ਦਾ ਫਾਰਮੂਲਾ

ਆਮਦਨੀ ਸੰਬੰਧੀ ਸਹਾਇਤਾ ਜਾਂ ਅਪੰਗਤਾ ਸੰਬੰਧੀ ਸਹਾਇਤਾ ਪ੍ਰਾਪਤ ਕਰ ਰਹੇ ਕਲਾਇੰਟ ਇੰਨਾਂ ਲਈ ਹੱਕਦਾਰ ਹਨ:

- ਬੱਚੇ ਦੇ ਪਹਿਲੇ 12 ਮਹੀਨਿਆਂ ਦੇ ਦੌਰਾਨ ਬੱਚਿਆਂ ਦਾ ਨਿਯਮਿਤ ਫਾਰਮੂਲਾ ਜੇ ਬੱਚੇ ਨੂੰ ਮਾਂ ਦਾ ਦੁੱਧ ਪੀਣ ਰਾਹੀਂ ਬਿਮਾਰੀ ਲਗਾ ਲੈਣ ਦਾ ਜੋਖਮ ਹੈ



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

- ਅਜਿਹੀ ਮੈਡੀਕਲ ਅਵਸਥਾ ਵਾਲੇ ਬੱਚੇ ਲਈ ਬੱਚਿਆਂ ਦਾ ਵਿਸ਼ੇਸ਼ ਫਾਰਮੂਲਾ ਜਿਸ ਲਈ ਅਵਸਥਾ ਦਾ ਇਲਾਜ ਕਰਨ ਵਾਸਤੇ ਵਿਸ਼ੇਸ਼ ਫਾਰਮੂਲੇ ਦੀ ਲੋੜ ਹੈ

**ਅਪਲਾਈ ਕਰਨ ਲਈ:** ਇੱਕ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਰਜਿਸਟਰਡ ਡਾਇਟੀਸ਼ੀਅਨ ਦੁਆਰਾ ਲਿਖਤ ਪੁਸ਼ਟੀ ਦਿੱਤੀ ਜਾਣੀ ਜ਼ਰੂਰੀ ਹੈ। ਦਸਤਾਵੇਜ਼ਾਂ ਵਿੱਚ ਲੁੜੀਂਦੇ ਉਤਪਾਦ ਦਾ ਨਾਮ, ਲੁੜੀਂਦੇ ਉਤਪਾਦ ਦੀ ਮਾਤਰਾ, ਉਤਪਾਦ ਵਾਸਤੇ ਕੀਮਤ ਦਾ ਹਵਾਲਾ, ਅਤੇ ਲੋੜ ਦੀ ਉਮੀਦ ਕੀਤੀ ਗਈ ਮਿਆਦ ਸ਼ਾਮਲ ਹੋਣਾ ਜ਼ਰੂਰੀ ਹੈ। ਇਹ ਜਾਣਕਾਰੀ ਕਲਾਇੰਟ ਦੇ ਇੰਮਪਲੋਏਮੈਂਟ ਅਤੇ ਇਨਕਮ ਅਸਿਸਟੈਂਸ ਪ੍ਰੋਗਰਾਮ ਨੂੰ ਭੇਜਿਆ ਜਾਣਾ ਜ਼ਰੂਰੀ ਹੈ।

## B. ਖੁਰਾਕ ਸੰਬੰਧੀ ਪੂਰਕ ਨੀਤੀ (Diet Supplements)

**Policy:**

https://www2.gov.bc.ca/gov/content/governments/policies-for-government/bcea-policy-and-procedure-manual/health-supplements-and-programs/diet-supplements

ਆਮਦਨੀ ਸੰਬੰਧੀ ਸਹਾਇਤਾ ਜਾਂ ਅਪੰਗਤਾ ਸੰਬੰਧੀ ਸਹਾਇਤਾ ਪ੍ਰਾਪਤ ਕਰ ਰਹੇ ਕਲਾਇੰਟ ਖਾਸ ਖੁਰਾਕ ਦੀ ਪਾਲਣਾ ਕਰਨ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਲਈ ਖੁਰਾਕ ਸੰਬੰਧੀ ਪੂਰਕ ਵਾਸਤੇ ਅਪਲਾਈ ਕਰਨ ਦੇ ਹੱਕਦਾਰ ਹਨ। ਹਰੇਕ ਖੁਰਾਕ ਜਾਂ ਮੈਡੀਕਲ ਅਵਸਥਾ ਵਾਸਤੇ ਅਧਿਕਤਮ ਰਾਸ਼ੀ (ਪ੍ਰਤੀ ਮਹੀਨਾ) ਇਹ ਹੈ:

- ਸੋਡੀਅਮ ਸੀਮਿਤ ਖੁਰਾਕ; $10.00
- ਡਾਇਬਟੀਜ਼; $35.00
- ਗੁਰਦੇ ਦਾ ਡਾਇਲੇਸਿਸ; $30.00
- ਗਲੁਟਨ - ਰਹਿਤ ਖੁਰਾਕ ; $40.00
- ਡਿਸਫੇਜ਼ਿਆ (Dysphagia) ਖੁਰਾਕ; $40.00 ਅਤੇ ਬਲੈਂਡਰ ਖਰੀਦਣ ਲਈ $30.00 ਵੀ ਪ੍ਰਾਪਤ ਕਰ ਸਕਦਾ/ਦੀ ਹੈ
- ਕੀਟੋਜੈਨਿਕ (Ketogenic) ਖੁਰਾਕ; $40.00
- ਘੱਟ ਫਿਨੇਲਾਲਨੀਨ (ਪੀਕੇਯੂ) (Low phenylalanine (PKU)) ਖੁਰਾਕ; $40.00



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

- ਸਿਸਟਿਕ ਫਾਈਬ੍ਰੋਸਿਸ (Cystic fibrosis); $50.00
- ਉੱਚ ਪ੍ਰੋਟੀਨ ਖੁਰਾਕ; $40.00 ਅਤੇ ਬਲੈਂਡਰ ਖਰੀਦਣ ਲਈ $30.00 ਵੀ ਪ੍ਰਾਪਤ ਕਰ ਸਕਦਾ/ਦੀ ਹੈ।
    - ਉੱਚ ਪ੍ਰੋਟੀਨ ਖੁਰਾਕ ਦੀ ਲੋੜ ਵਾਲੇ ਕਲਾਇੰਟਾਂ ਵਾਸਤੇ ਹੇਠਾਂ ਦਿੱਤਿਆਂ ਵਿੱਚੋਂ ਇੱਕ ਦੀ ਤਸ਼ਖ਼ੀਸ ਹੋਣਾ ਜ਼ਰੂਰੀ ਹੈ:
        - ਕੈਂਸਰ ਜਿਸ ਲਈ ਰੇਡੀਏਸ਼ਨ, ਕੀਮੋਥੈਰੇਪੀ, ਸਰਜੀਕਲ ਥੈਰੇਪੀ ਜਾਂ ਜਾਰੀ ਮੈਡੀਕਲ ਇਲਾਜ ਦੇ ਦੌਰਾਨ ਪੋਸ਼ਣ ਸੰਬੰਧੀ ਸਹਾਰੇ ਦੀ ਲੋੜ ਹੁੰਦੀ ਹੈ
        - ਕਰੌਨਿਕ ਇੰਨਫਲੇਮੇਟਰੀ ਬਾਉਲ ਡਿਜ਼ੀਜ਼ (ਕਰੋਨਜ਼ (Crohn's), ਅਲਸਰੇਟਿਵ ਕੋਲਾਈਟਸ)
        - ਐਚਆਈਵੀ/ਏਡਜ਼
        - ਚਿਰਕਾਲੀ ਬੈਕਟੀਰੀਅਲ ਵਿਗਾੜ
        - ਤਪਦਿਕ
        - ਹਾਇਪਰਥਾਏਰੋਇਡਿਜ਼ਮ (hyperthyroidism)
        - ਓਸਟੀਓਪੋਰੋਸਿਸ (osteoporosis)
        - ਹੈਪੇਟਾਈਟਸ ਬੀ ਜਾਂ ਸੀ

ਨੋਟ: ਜੇ ਵਿਅਕਤੀ ਨੂੰ ਉੱਤੇ ਦਿੱਤੀਆਂ ਮੈਡੀਕਲ ਅਵਸਥਾਵਾਂ ਵਿੱਚੋਂ ਇੱਕ ਤੋਂ ਵੱਧ ਹੈ, ਤਾਂ ਸੰਭਵ ਹੈ ਕਿ ਵਿਅਕਤੀ ਨੂੰ ਸਿਰਫ ਉਸ ਸਭ ਤੋਂ ਵੱਧ ਖੁਰਾਕ ਲਾਭ ਦੀ ਰਾਸ਼ੀ ਪ੍ਰਾਪਤ ਹੋਏ ਜਿਸ ਲਈ ਉਹ ਹੱਕਦਾਰ ਹਨ।

**ਅਪਲਾਈ ਕਰਨ ਲਈ:** ਇੱਕ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਰਜਿਸਟਰਡ ਡਾਇਟੀਸ਼ੀਅਨ ਦੁਆਰਾ ਲਿਖਤ ਪੁਸ਼ਟੀ ਦਿੱਤੀ ਜਾਣੀ ਜ਼ਰੂਰੀ ਹੈ। ਦਸਤਾਵੇਜ਼ਾਂ ਵਿੱਚ ਵਿਸ਼ੇਸ਼ ਮੈਡੀਕਲ ਅਵਸਥਾ, ਲੁੜੀਂਦੀ ਖੁਰਾਕ ਅਤੇ ਲੋੜ ਦੀ ਉਮੀਦ ਕੀਤੀ ਗਈ ਮਿਆਦ ਸ਼ਾਮਲ ਹੋਣਾ ਜ਼ਰੂਰੀ ਹੈ। ਇਹ ਜਾਣਕਾਰੀ ਕਲਾਇੰਟ ਦੇ ਇੰਮਪਲੋਏਮੈਂਟ ਅਤੇ ਇਨਕਮ ਅਸਿਸਟੈਂਸ ਪ੍ਰੋਗਰਾਮ ਨੂੰ ਭੇਜਿਆ ਜਾਣਾ ਜ਼ਰੂਰੀ ਹੈ।



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

## C. ਪੋਸ਼ਣ ਸੰਬੰਧੀ ਮਾਸਿਕ ਪੂਰਕ (ਐਮਐਨਐਸ) (Monthly Nutritional Supplement (MNS))

**Policy:**

https://www2.gov.bc.ca/gov/content/governments/policies-for-government/bcea-policy-and-procedure-manual/health-supplements-and-programs/monthly-nutritional-supplement(ਇਸ ਵਿੱਚ MNS ਐਪਲੀਕੇਸ਼ਨ ਫਾਰਮ ਸ਼ਾਮਲ ਹੈ)

ਉਹ ਕਲਾਇੰਟ ਜਿੰਨਾਂ ਕੋਲ *ਪਰਸਨਜ਼ ਵਿਦ ਡਿਸਅਬਿਲੀਟੀਜ਼ (ਪੀਡਬਲਿਊਡੀ)* (Persons with Disabilities (PWD)) ਅਹੁਦਾ ਹੈ ਅਤੇ ਜਿਹੜੇ ਅਪੰਗਤਾ ਸੰਬੰਧੀ ਸਹਾਇਤਾ ਪ੍ਰਾਪਤ ਕਰ ਰਹੇ ਹਨ ਪੋਸ਼ਣ ਸੰਬੰਧੀ ਮਾਸਿਕ ਪੂਰਕ ਲਈ ਅਪਲਾਈ ਕਰਨ ਵਾਸਤੇ ਹੱਕਦਾਰ ਹੋ ਸਕਦੇ ਹਨ। ਕਲਾਇੰਟਾਂ ਨੂੰ ਜਾਣਕਾਰੀ ਅਤੇ ਫਾਰਮਾਂ ਵਾਸਤੇ ਉਨ੍ਹਾਂ ਦੇ ਇੰਮਪਲੌਏਮੈਂਟ ਅਤੇ ਇਨਕਮ ਅਸਿਸਟੈਂਸ ਪ੍ਰੋਗਰਾਮ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇੱਕ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਰਜਿਸਟਰਡ ਡਾਇਟੀਸ਼ੀਅਨ ਦੁਆਰਾ, ਹੇਠਾਂ ਲਿਖੇ ਸਾਰਿਆਂ ਦੀ ਲਿਖਤ ਪੁਸ਼ਟੀ ਦਿੱਤੀ ਜਾਣੀ ਜ਼ਰੂਰੀ ਹੈ:

- ਕਲਾਇੰਟ ਨੂੰ ਸਿਹਤ ਦੀ ਚਿਰਕਾਲੀ, ਪ੍ਰਗਤੀਸ਼ੀਲ ਗਿਰਾਵਟ ਦਾ ਕਾਰਨ ਬਣਨ ਵਾਲੀ ਗੰਭੀਰ ਮੈਡੀਕਲ ਅਵਸਥਾ ਹੈ, ਅਤੇ ਨਤੀਜਤਨ ਕਲਾਇੰਟ ਹੇਠਾਂ ਦਿੱਤੇ ਲੱਛਣਾਂ ਵਿੱਚੋਂ ਦੋ ਜਾਂ ਉਸ ਤੋਂ ਵੱਧ ਦਰਸ਼ਾਉਂਦਾ ਹੈ:
    - ਕੁਪੋਸ਼ਣ
    - ਆਮ ਨਾਲੋਂ ਘੱਟ ਭਾਰ ਦੀ ਸਥਿਤੀ
    - ਭਾਰ ਵਿੱਚ ਮਹੱਤਵਪੂਰਨ ਘਾਟਾ
    - ਮਾਸਪੇਸ਼ੀਆਂ ਦੇ ਆਕਾਰ ਵਿੱਚ ਮਹੱਤਵਪੂਰਨ ਕਮੀ
    - ਤੰਤੂ ਸੰਬੰਧੀ (neurological) ਮਹੱਤਵਪੂਰਨ ਗਿਰਾਵਟ
    - ਅਹਿਮ ਅੰਗ ਦਾ ਮਹੱਤਵਪੂਰਨ ਵਿਕਾਰ, ਅਤੇ/ਜਾਂ
    - ਸਰੀਰ ਦੀ ਸੁਰੱਖਿਆ ਪ੍ਰਣਾਲੀ ਦਾ ਦਰਮਿਆਨੇ ਤੋਂ ਗੰਭੀਰ ਹੱਦ ਤੱਕ ਦੱਬਿਆ ਹੋਣਾ
- ਇੰਨਾਂ ਲੱਛਣਾਂ ਨੂੰ ਘਟਾਉਣ ਵਾਸਤੇ, ਕਲਾਇੰਟ ਨੂੰ ਹੇਠਾਂ ਦਿੱਤਿਆਂ ਵਿੱਚੋਂ ਇੱਕ ਜਾਂ ਦੋਵਾਂ ਦੀ ਲੋੜ ਹੁੰਦੀ ਹੈ:
    - ਨਿਯਮਿਤ ਖੁਰਾਕ ਵਿੱਚ ਵਾਧਾ ਕਰਨ ਲਈ ਵਾਧੂ ਭੋਜਨ, ਅਤੇ/ਜਾਂ
    - ਵਿਟਾਮਿਨ ਅਤੇ ਖਣਿਜ



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

- ਇਹ ਵਸਤੂਆਂ ਪ੍ਰਾਪਤ ਕਰਨ ਵਿੱਚ ਅਸਫਲਤਾ ਦਾ ਨਤੀਜਾ ਵਿਅਕਤੀ ਦੇ ਜੀਵਨ ਨੂੰ ਜਲਦੀ ਆਉਣ ਵਾਲਾ ਖਤਰਾ ਹੋਵੇਗਾ।

ਇੱਕ MNS ਤਾਂ ਹੀ ਦਿੱਤਾ ਜਾਵੇਗਾ ਜੇ ਕਲਾਇੰਟ ਦਾ *ਪਰਿਵਾਰਕ ਯੂਨਿਟ* ਵਸਤੂਆਂ ਮੁਹੱਈਆ ਕਰਨ ਦੇ ਕਾਬਲ ਨਹੀਂ ਹੈ।

ਨਿਯਮਿਤ ਖੁਰਾਕ ਵਿੱਚ ਵਾਧਾ ਕਰਨ ਵਾਸਤੇ MNS ਪ੍ਰਾਪਤ ਕਰਨ ਵਾਲਾ ਕਲਾਇੰਟ ਖੁਰਾਕ ਸੰਬੰਧੀ ਪੂਰਕ ਜਾਂ ਪੋਸ਼ਣ ਸੰਬੰਧੀ ਪੂਰਕ ਲਈ ਅਪਲਾਈ ਕਰਨ ਦਾ *ਹੱਕਦਾਰ ਨਹੀਂ* ਹੈ। ਸਿਰਫ MNS ਵਿਟਿਮਿਨ ਅਤੇ ਖਣਿਜ ਪ੍ਰਾਪਤ ਕਰਨ ਵਾਲਾ ਕਲਾਇੰਟ ਖੁਰਾਕ ਸੰਬੰਧੀ ਪੂਰਕ ਜਾਂ ਪੋਸ਼ਣ ਸੰਬੰਧੀ ਪੂਰਕ ਲਈ ਅਪਲਾਈ ਕਰਨ ਦਾ *ਹੱਕਦਾਰ ਹੈ।*

## D. ਟਿਊਬ ਫੀਡ ਪੂਰਕ ਨੀਤੀ (Tube Feed Supplement)

**Policy:**

https://www2.gov.bc.ca/gov/content/governments/policies-for-government/bcea-policy-and-procedure-manual/health-supplements-and-programs/tube-feed-supplement

ਆਮਦਨੀ ਸੰਬੰਧੀ ਸਹਾਇਤਾ ਜਾਂ ਅਪੰਗਤਾ ਸੰਬੰਧੀ ਸਹਾਇਤਾ ਪ੍ਰਾਪਤ ਕਰ ਰਹੇ ਕਲਾਇੰਟ ਟਿਊਬ ਫੀਡ ਪੂਰਕ ਵਾਸਤੇ ਅਪਲਾਈ ਕਰਨ ਲਈ ਹੱਕਦਾਰ ਹਨ ਜੇ ਉਹ ਮੂੰਹ ਰਾਹੀਂ ਭੋਜਨ ਨਹੀਂ ਖਾ ਸਕਦੇ ਜਾਂ ਗੈਸਟ੍ਰੋਇਨਟੈਸਟੀਨਲ ਪ੍ਰਣਾਲੀ ਦੇ ਰਾਹੀਂ ਭੋਜਨ ਨੂੰ ਪ੍ਰੋਸੈਸ ਨਹੀਂ ਕਰ ਸਕਦੇ। ਪੂਰਕ ਛੋਟੀ ਮਿਆਦ ਦੀਆਂ ਤੀਬਰ ਅਵਸਥਾਵਾਂ ਜਾਂ ਲੰਬੇ ਸਮੇਂ ਦੀਆਂ ਚਿਰਕਾਲੀ ਅਵਸਥਾਵਾਂ ਵਾਸਤੇ ਮੁਹੱਈਆ ਕੀਤਾ ਜਾ ਸਕਦਾ ਹੈ। ਇਹ ਪੂਰਕ ਉਸ ਵੇਲੇ ਉਪਲਬਧ ਹੁੰਦਾ ਹੈ ਜਦੋਂ ਕਲਾਇੰਟ ਵਾਸਤੇ ਸਰਕਾਰ ਦੁਆਰਾ ਫੰਡ ਕੀਤੇ ਹੋਏ ਜਾਂ ਕੋਈ ਵੀ ਹੋਰ ਪ੍ਰੋਗਰਾਮ ਉਪਲਬਧ ਨਹੀਂ ਹੁੰਦੇ।

**ਅਪਲਾਈ ਕਰਨ ਲਈ:** ਇੱਕ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਰਜਿਸਟਰਡ ਡਾਇਟੀਸ਼ੀਅਨ ਦੁਆਰਾ ਲਿਖਤ ਪੁਸ਼ਟੀ ਦਿੱਤੀ ਜਾਣੀ ਜ਼ਰੂਰੀ ਹੈ। ਦਸਤਾਵੇਜ਼ਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਕਿ ਵਿਅਕਤੀ ਦਾ ਪੋਸ਼ਣ ਦਾ ਮੁੱਖ ਸ੍ਰੋਤ ਟਿਊਬ ਫੀਡਿੰਗ ਰਾਹੀਂ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ; ਲੁੜੀਂਦੀ ਪੋਸ਼ਣ ਉਤਪਾਦ ਦੀ ਕਿਸਮ; ਪੋਸ਼ਣ ਉਤਪਾਦ ਦੀ ਲੁੜੀਂਦੀ ਰੋਜ਼ਾਨਾ ਜਾਂ ਮਾਸਿਕ ਮਾਤਰਾ; ਟਿਊਬ ਫੀਡਿੰਗ ਦੀ ਲੋੜ ਪੈਣ ਵਾਲੀ ਅਵਸਥਾ ਦੀ ਉਮੀਦ ਕੀਤੀ ਗਈ ਮਿਆਦ; ਅਤੇ ਲੁੜੀਂਦੀਆਂ ਟਿਊਬ ਫੀਡਿੰਗ ਸਪਲਾਈਆਂ ਜਾਂ ਸਮੱਗਰੀ ਸ਼ਾਮਲ ਹੋਣਾ ਜ਼ਰੂਰੀ ਹੈ।

ਟਿਊਬ ਫੀਡਿੰਗ ਪੂਰਕ ਪ੍ਰਾਪਤ ਕਰ ਰਿਹਾ ਵਿਅਕਤੀ ਪੋਸ਼ਣ ਸੰਬੰਧੀ ਕੋਈ ਵੀ ਹੋਰ ਪੂਰਕ ਪ੍ਰਾਪਤ ਕਰਨ ਲਈ ਹੱਕਦਾਰ ਨਹੀਂ ਹੈ।



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

## E. ਜਨਮ ਸੰਬੰਧੀ (Natal) ਪੂਰਕ ਨੀਤੀ (Natal Supplement

**Policy:**

https://www2.gov.bc.ca/gov/content/governments/policies-for-government/bcea-policy-and-procedure-manual/health-supplements-and-programs/natal-supplement

ਗਰਭਵਤੀ ਪ੍ਰਾਪਤਕਰਤਾ ਅਤੇ 7 ਮਹੀਨੇ ਤੋਂ ਘੱਟ ਉਮਰ ਵਾਲੇ ਨਿਰਭਰ ਬੱਚੇ ਵਾਲੇ ਪਰਿਵਾਰਕ ਯੂਨਿਟ ਜਨਮ ਸੰਬੰਧੀ ਪੂਰਕਾਂ ਲਈ ਅਪਲਾਈ ਕਰ ਸਕਦੇ ਹਨ। ਇਹ ਪੂਰਕ ਗਰਭ ਅਵਸਥਾ ਅਤੇ ਨਵੇਂ ਜੰਮੇਂ ਬੱਚਿਆਂ ਦੇ ਖਰਚੇ ਪੂਰੇ ਕਰਨ ਵਿੱਚ ਸਹਾਇਤਾ ਕਰਨ ਲਈ ਵਰਤਿਆ ਜਾ ਸਕਦਾ ਹੈ।

ਕਲਾਇੰਟ ਗਰਭ ਅਵਸਥਾ ਦੀ ਪੁਸ਼ਟੀ ਹੋਣ ਅਤੇ ਜਨਮ ਦੀ ਤਰੀਕ ਤੋਂ ਬਾਅਦ 6 ਮਹੀਨੇ ਤੱਕ ਜਨਮ ਸੰਬੰਧੀ ਪੂਰਕਾਂ ਲਈ ਹੱਕਦਾਰ ਹੁੰਦੇ ਹਨ। ਜਲਦੀ ਅਪਲਾਈ ਕਰੋ ਕਿਉਂਕਿ ਲਾਭ ਪੂਰਵ ਪ੍ਰਭਾਵੀ ਨਹੀਂ ਹਨ।

**ਅਪਲਾਈ ਕਰਨ ਲਈ:** ਇੱਕ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਦਾਈ (midwife) ਦੁਆਰਾ ਲਿਖਤ ਪੁਸ਼ਟੀ ਨੂੰ ਕਲਾਇੰਟ ਦੇ ਇੰਮਪਲੋਏਮੈਂਟ ਅਤੇ ਇਨਕਮ ਅਸਿਸਟੈਂਸ ਆਫਿਸ ਨੂੰ ਭੇਜਿਆ ਜਾਣਾ ਜ਼ਰੂਰੀ ਹੈ। ਦਸਤਾਵੇਜ਼ਾਂ ਵਿੱਚ ਗਰਭ ਅਵਸਥਾ ਦੀ ਪੁਸ਼ਟੀ ਅਤੇ ਡਲਿਵਰੀ ਦੀ ਉਮੀਦ ਕੀਤੀ ਗਈ ਤਰੀਕ ਸ਼ਾਮਲ ਹੋਣਾ ਜ਼ਰੂਰੀ ਹੈ।

ਹੋਰ ਜਾਣਕਾਰੀ ਲਈ

ਬ੍ਰਿਟਿਸ਼ ਕੋਲੰਬੀਆ ਮਨਿਸਟਰੀ ਆਫ ਸੋਸ਼ਲ ਡੇਵੇਲਪਮੈਂਟ ਅਤੇ ਪਾਵਰਟੀ ਰਿਡਕਸ਼ਨ

ਆਮਦਨ ਸਹਾਇਤਾ ਸੇਵਾਵਾਂ ਜਾਂ ਜਾਣਕਾਰੀ ਲਈ ਮਦਦ ਲਈ 1-866-866-0800 'ਤੇ ਕਾਲ ਕਰੋhttps://www2.gov.bc.ca/gov/content/governments/organizational-structure/ministries-organizations/ministries/social-development-poverty-reduction/ministry-contacts

**BC ਐਟ ਹੋਮ ਪ੍ਰੋਗਰਾਮ**

ਐਟ ਹੋਮ ਪ੍ਰੋਗਰਾਮ ਗੰਭੀਰ ਅਪਾਹਜਤਾ ਵਾਲੇ ਜਾਂ ਘਰ ਵਿੱਚ ਜਟਿਲ ਸਿਹਤ ਦੇਖਭਾਲ ਦੀ ਲੋੜ ਵਾਲੇ ਬੱਚਿਆਂ ਅਤੇ ਕਿਸ਼ੋਰਾਂ ਦੀ ਸਹਾਇਤਾ ਲਈ ਮੈਡੀਕਲ ਉਤਪਾਦ ਅਤੇ ਸਪਲਾਈਆਂ ਮੁਹਈਆ ਕਰਦਾ ਹੈ।



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

ਬੱਚੇ ਟਿਊਬ ਫੀਡਿੰਗ ਫਾਰਮੂਲਾ, ਤਰਲ ਗਾੜ੍ਹਾ ਕਰਨ ਵਾਲੇ, ਅਤੇ ਵਿਸ਼ੇਸ਼ ਪੋਸ਼ਣ ਉਤਪਾਦਾਂ ਲਈ ਯੋਗ ਹੋ ਸਕਦੇ ਹਨ ਜੋ ਸਿੱਧੇ ਤੌਰ 'ਤੇ ਬੱਚੇ ਦੀ ਮੈਡੀਕਲ ਸਥਿਤੀ ਨਾਲ ਸਬੰਧਤ ਹਨ।

ਹੋਰ ਜਾਣਕਾਰੀ ਪ੍ਰਾਪਤ ਕਰਨ, ਅਤੇ ਅਰਜ਼ੀ ਕਿਵੇਂ ਦੇਣੀ ਹੈ ਬਾਰੇ ਇੱਥੇ ਜਾਣੋ: https://www2.gov.bc.ca/gov/content/health/managing-your-health/child-behaviour-development/support-needs/complex-health-needs/at-home-program

### ਬੀਸੀ ਹੋਮ ਐਂਟਰਲ ਅਤੇ ਪੇਰੈਂਟਰਲ ਨਿਊਟ੍ਰੀਸ਼ਨ ਪ੍ਰੋਗਰਾਮ

BC ਹੋਮ ਐਂਟਰਲ ਨਿਊਟ੍ਰੀਸ਼ਨ (HEN) ਪ੍ਰੋਗਰਾਮ ਅਤੇ BC ਹੋਮ ਪੇਰੈਂਟਰਲ ਨਿਊਟ੍ਰੀਸ਼ਨ ਪ੍ਰੋਗਰਾਮ (HPN) ਬ੍ਰਿਟਿਸ਼ ਕੋਲੰਬੀਆ ਅਤੇ ਯੂਕੋਨ ਵਿੱਚ ਉਹਨਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ ਜਿਨ੍ਹਾਂ ਨੂੰ ਗੈਸਟਰੋਇੰਟੇਸਟਾਈਨਲ ਟ੍ਰੈਕਟ ("ਅੰਤੜੀ") ਦੀਆਂ ਸਮੱਸਿਆਵਾਂ ਕਾਰਨ ਵਿਸ਼ੇਸ਼ ਪੋਸ਼ਣ ਦੀ ਲੋੜ ਹੈ। ਉਹਨਾਂ ਲੋਕਾਂ ਲਈ ਬਹੁਤ ਖਾਸ ਐਪਲੀਕੇਸ਼ਨ ਮਾਪਦੰਡ ਹਨ ਜਿਨ੍ਹਾਂ ਨੂੰ ਨਾੜੀ ਰਾਹੀਂ (IV) ਪੋਸ਼ਕ ਤੱਤ ਦੇਣ ਦੀ ਲੋੜ ਹੁੰਦੀ ਹੈ। ਹੋਰ ਜਾਣਕਾਰੀ ਇੱਥੇ ਦੇਖੋ:

ਬੀਸੀ ਹੋਮ ਐਂਟਰਲ ਨਿਊਟ੍ਰੀਸ਼ਨ ਪ੍ਰੋਗਰਾਮ http://www.bchomenutrition.org/home-enteral-nutrition.html

ਬੀਸੀ ਹੋਮ ਪੇਰੈਂਟਰਲ ਨਿਊਟ੍ਰੀਸ਼ਨ ਪ੍ਰੋਗਰਾਮ http://www.bchomenutrition.org/home-parenteral-nutrition.html

### BC ਫਸਟ ਨੇਸ਼ਨਜ਼ ਹੈਲਥ ਅਥਾਰਿਟੀ ਹੈਲਥ ਬੈਨੇਫਿਟਸ ਪ੍ਰੋਗਰਾਮ (First Nations Health Authority Health Benefits Program

ਮੌਜੂਦਾ ਲਾਭਾਂ ਵਿੱਚ ਨੁਸਖ਼ੇ ਵਾਲੀਆਂ ਦਵਾਈਆਂ, ਡਾਕਟਰੀ ਸਪਲਾਈ ਅਤੇ ਸਾਜ਼ੋ-ਸਾਮਾਨ, ਮਾਨਸਿਕ ਸਿਹਤ ਸੇਵਾਵਾਂ, ਦ੍ਰਿਸ਼ਟੀ ਅਤੇ ਅੱਖਾਂ ਦੀ ਦੇਖਭਾਲ, ਮੈਡੀਕਲ ਆਵਾਜਾਈ, ਅਤੇ ਦੰਦਾਂ/ਆਰਥੋਡੋਂਟਿਕ ਦੇਖਭਾਲ ਸ਼ਾਮਲ ਹਨ।

ਕਵਰ ਕੀਤੇ ਲਾਭਾਂ, ਯੋਗਤਾ ਅਤੇ ਸੇਵਾਵਾਂ ਬਾਰੇ ਜਾਣਕਾਰੀ ਲਈ, ਵੇਖੋ;

- ਫਸਟ ਨੇਸ਼ਨਜ਼ ਹੈਲਥ ਅਥਾਰਿਟੀ  http://www.fnha.ca/benefits, ਜਾਂ
- 1-855-550-5454 ਤੇ ਫੋਨ ਕਰੋ, ਜਾਂ
- ਈਮੇਲ HealthBenefits@fnha.ca, ਜਾਂ



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

- 1166 Alberni St, Room 701, Vancouver B.C. ਵਿੱਚ ਵਿਅਕਤੀਗਤ ਤੌਰ ਤੇ ਜਾਕੇ ਪੁੱਛਗਿੱਛ ਕੀਤੀ ਜਾ ਸਕਦੀ ਹੈ

## ਸੰਘੀ ਪੋਸ਼ਣ ਲਾਭ ਪ੍ਰੋਗਰਾਮ

### ਜੌਰਡਨਜ਼ ਪ੍ਰਿੰਸੀਪਲ

ਜੌਰਡਨ ਦਾ ਸਿਧਾਂਤ ਫਸਟ ਨੇਸ਼ਨਜ਼ ਦੇ ਬੱਚਿਆਂ ਨੂੰ ਸਪੀਚ ਥੈਰੇਪੀ, ਵਿਦਿਅਕ ਸਹਾਇਤਾ, ਮੈਡੀਕਲ ਉਪਕਰਣ, ਮਾਨਸਿਕ ਸਿਹਤ ਸੇਵਾਵਾਂ, ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਕਰਨ ਵਿੱਚ ਮਦਦ ਕਰਦਾ ਹੈ। ਇਸ ਬਾਰੇ ਜਾਣਕਾਰੀ ਪ੍ਰਾਪਤ ਕਰੋ ਕਿ ਕੀ ਕਵਰ ਕੀਤਾ ਜਾਂਦਾ ਹੈ ਅਤੇ ਕਿਸ ਨਾਲ ਸੰਪਰਕ ਕਰਨਾ ਹੈ: https://www.sac-isc.gc.ca/eng/1568396296543/1582657596387#sec2

ਫੰਡਿੰਗ ਦੀ ਬੇਨਤੀ ਕਰਨ ਅਤੇ ਫਾਰਮਾਂ ਦੀਆਂ ਕਾਪੀਆਂ ਪ੍ਰਾਪਤ ਕਰਨ ਲਈ, ਸੰਪਰਕ ਕਰੋ:

- ਬ੍ਰਿਟਿਸ਼ ਕੋਲੰਬੀਆ ਜਨਰਲ ਇਨਕੁਆਰੀ ਲਾਈਨ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਉਪਲਬਧ ਹੈ
    - 778-951-0716
- ਜੌਰਡਨਜ਼ ਪ੍ਰਿੰਸੀਪਲ ਕਾਲ ਸੈਂਟਰ, 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ
    - 1-855-JP-CHILD (1-855-572-4453)
    - ਟੈਲੀਟਾਈਪਰਾਈਟਰ: 1-866-553-0554

### ਵੇਟਰਨਜ਼ ਅਫੇਅਰਜ਼ ਕੈਨੇਡਾ (ਵੀਏਸੀ) - ਪੋਸ਼ਣ ਸੰਬੰਧੀ ਲਾਭ

ਸਾਬਕਾ ਸੈਨਿਕ ਕਲਾਇੰਟ ਦੇ ਕਵਰੇਜ ਦੇ ਸਤਰ ਤੇ ਨਿਰਭਰ ਕਰਦੇ ਹੋਏ ਟਿਊਬ ਫੀਡਿੰਗ ਸਪਲਾਈਆਂ ਅਤੇ ਫਾਰਮੂਲੇ ਜਾਂ ਮੂੰਹ ਰਾਹੀਂ ਖਾਏ ਜਾਣ ਵਾਲੇ ਪੋਸ਼ਣ ਸੰਬੰਧੀ ਪੂਰਕਾਂ ਨਾਲ ਕੈਲੋਰਿਕ ਅਨੁਪੂਰਣ ਵਾਸਤੇ ਹੱਕਦਾਰ ਹੋ ਸਕਦੇ ਹਨ। ਪਾਰਤਤਾ ਮਾਪਦੰਡ ਸਾਬਕਾ ਸੈਨਿਕ ਵਰਗੀਕਰਣ ਅਨੁਸਾਰ ਵੱਖ ਵੱਖ ਹੁੰਦੇ ਹਨ ਅਤੇ ਪਾਤਰਤਾ ਦਾ ਮੁਲਾਂਕਣ ਕੇਸ ਤੋਂ ਕੇਸ ਦੇ ਅਧਾਰ ਤੇ ਕੀਤਾ ਜਾਂਦਾ ਹੈ।

ਉਹ ਸਾਬਕਾ ਸੈਨਿਕ ਜਿਹੜੇ ਵੇਟਰਨਜ਼ ਇੰਡੀਪੈਂਡੇਂਸ ਪ੍ਰੋਗਰਾਮ (VIP) ਦਾ ਹਿੱਸਾ ਹਨ ਪੋਸ਼ਣ ਤੱਕ ਪਹੁੰਚ ਪ੍ਰੋਗਰਾਮ ਵਾਸਤੇ VIP ਨਾਲ ਸੰਪਰਕ ਕਰ ਸਕਦੇ ਹਨ। ਐਕਸੈਸ ਟੂ ਨਿਊਟ੍ਰੀਸ਼ਨ ਪ੍ਰੋਗਰਾਮ ਤੱਕ ਪਹੁੰਚ ਕਰਨ ਲਈ ਕਿਸੇ ਸਾਬਕਾ ਸੈਨਿਕ ਦੀ ਰਿਹਾਇਸ਼ ਤੱਕ ਭੋਜਨ ਦੀ ਡਿਲਿਵਰੀ ਜਾਂ ਸਥਾਨਕ ਕਮਿਊਨਿਟੀ ਫੈਸਿਲਿਟੀ ਜਾਂ ਰੈਸਟੋਰੈਂਟ ਵਿੱਚ



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

ਖਾਣੇ ਲਈ ਆਵਾਜਾਈ ਨੂੰ ਕਵਰ ਕਰ ਸਕਦਾ ਹੈ।

[ਵੈਟਰਨਜ਼ ਇੰਡੀਪੈਂਡੈਂਸ ਪ੍ਰੋਗਰਾਮ](https://www.veterans.gc.ca/eng/housing-and-home-life/help-at-home/veterans-independence-program) ਬਾਰੇ ਜਾਣਕਾਰੀ ਇੱਥੇ ਦੇਖੋ:
https://www.veterans.gc.ca/eng/housing-and-home-life/help-at-home/veterans-independence-program

ਵੇਟਰਨਜ਼ ਅਫੇਅਰਜ਼ ਕੈਨੇਡਾ ਨਾਲ ਇੱਥੇ ਸੰਪਰਕ ਕਰੋ:

- 1-866-522-2122
- ਟੈਲੀਟਾਈਪਰਾਈਟਰ 1-833-921-0071
- ਵੇਟਰਨਜ਼ ਅਫੇਅਰਜ਼ ਕੈਨੇਡਾ https://www.veterans.gc.ca/eng

## ਵਧੀਕ ਵਸੀਲੇ:

ਤੁਹਾਡੇ ਖਾਸ ਭੋਜਨ ਅਤੇ ਪੋਸ਼ਣ ਸੰਬੰਧੀ ਲੋੜਾਂ ਅਤੇ ਪਸੰਦਾਂ ਤੇ ਅਧਾਰਤ ਜਾਣਕਾਰੀ ਅਤੇ ਸਲਾਹ ਵਾਸਤੇ, **8-1-1** ਤੇ ਫੋਨ ਕਰੋ ਅਤੇ ਹੈਲਥਲਿੰਕ ਬੀ ਸੀ ਡਾਈਟੀਸ਼ੀਅਨ ਨਾਲ ਗੱਲ ਕਰਨ ਦੀ ਮੰਗ ਕਰੋ। ਡਾਈਟੀਸ਼ੀਅਨ ਤੁਹਾਡੇ ਸਵਾਲਾਂ ਦਾ ਜਵਾਬ ਦੇਵੇਗੀ/ਗਾ ਅਤੇ ਤੁਹਾਨੂੰ ਦਸੇਗੀ/ਗਾ ਕਿ ਤੁਹਾਡੀ ਭਾਸ਼ਾ ਵਿੱਚ ਕਿਹੜੇ ਸਾਧਨ ਉਪਲਬਧ ਹਨ।

**8-1-1** ਬੇਨਤੀ ਕਰਨ ਤੇ 130 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਮੁਹੱਈਆ ਕਰਦਾ ਹੈ। **8-1-1** ਡਾਇਲ ਕਰਨ ਤੋਂ ਬਾਅਦ ਤੁਹਾਨੂੰ ਅੰਗਰੇਜ਼ੀ ਬੋਲਣ ਵਾਲੇ ਸਿਹਤ ਸੇਵਾ ਨੈਵੀਗੇਟਰ ਦੇ ਨਾਲ ਜੋੜਿਆ ਜਾਏਗਾ। ਕਿਸੇ ਹੋਰ ਭਾਸ਼ਾ ਵਿੱਚ ਸੇਵਾ ਪ੍ਰਾਪਤ ਕਰਨ ਵਾਸਤੇ, ਕੇਵਲ ਉਹ ਭਾਸ਼ਾ ਬੋਲੋ ਜਿਹੜੀ ਤੁਸੀਂ ਭਾਲ ਰਹੇ ਹੋ (ਉਦਾਹਰਣ ਲਈ, "ਪੰਜਾਬੀ"/"Punjabi" ਕਹੋ), ਅਤੇ ਇੱਕ ਦੁਭਾਸ਼ੀਆ ਕਾਲ ਵਿੱਚ ਸ਼ਾਮਲ ਹੋ ਜਾਏਗਾ।

ਵਾਧੂ ਜਾਣਕਾਰੀ ਲਈ, ਹੇਠਾਂ ਦਿੱਤਾ ਸਾਧਨ ਦੇਖੋ :

- ਹੈਲਥਲਿੰਕ ਬੀ ਸੀ [www.healthlinkbc.ca](http://www.healthlinkbc.ca) – ਮੈਡੀਕਲ ਤੌਰ ਤੇ ਪਰਵਾਨਗੀ ਪ੍ਰਾਪਤ ਗੈਰ-ਐਮਰਜੈਂਸੀ ਸਿਹਤ ਜਾਣਕਾਰੀ ਪ੍ਰਾਪਤ ਕਰੋ।

*ਇਹਨਾਂ ਸ੍ਰੋਤਾਂ ਨੂੰ ਪ੍ਰਕਾਸ਼ਨ ਵੇਲ਼ੇ ਭਰੋਸੇਯੋਗ ਅਤੇ ਦਰੁਸਤ ਮੰਨੀ ਜਾਂਦੀ ਜਾਣਕਾਰੀ ਦੇ ਵਧੀਕ ਵਸੀਲਿਆਂ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ ਅਤੇ ਇਹਨਾਂ ਨੂੰ ਕਿਸੇ ਵੀ ਜਾਣਕਾਰੀ ਸੇਵਾ ਉਤਪਾਦਨ ਜਾਂ ਕੰਪਨੀ ਦੀ ਤਸਦੀਕ ਨਾ ਮੰਨਿਆ ਜਾਵੇ।*



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।

## ਟਿੱਪਣੀਆਂ:

ਵਿਤਰਕ:

ਹੈਲਥਲਿੰਕ ਬੀ.ਸੀ. (HealthLinkBC) (ਪਹਿਲਾ ਨਾਮ ਡਾਇਲ-ਏ-ਡਾਇਟੀਸ਼ੀਅਨ ਜਾਂ Dial-A-Dietitian) ਵਿਖੇ ਆਹਾਰ ਵਿਗਿਆਨੀਆਂ ਦੀਆਂ ਸੇਵਾਵਾਂ (Dietitian Services) ਬੀ.ਸੀ. ਨਿਵਾਸੀਆਂ ਅਤੇ ਸਿਹਤ ਸੇਵਾ ਪੇਸ਼ਾਵਰ ਵਿਅਕਤੀਆਂ ਲਈ ਖ਼ੁਰਾਕ ਬਾਰੇ ਮੁਫ਼ਤ ਜਾਣਕਾਰੀ ਅਤੇ ਵਸੀਲੇ ਪੇਸ਼ ਕਰਨ ਦਾ ਸਾਧਨ ਹੈ। www.healthlinkbc.ca/healthy-eating ਵੈੱਬਸਾਈਟ ਵਿਖੇ ਜਾਂ **8-1-1** `ਤੇ ਫ਼ੋਨ ਕਰੋ ਬੀ.ਸੀ. ਵਿੱਚ ਕਿਸੇ ਵੀ ਜਗ੍ਹਾ ਤੋਂ । ਤਰਜਮਾਕਾਰ 130 ਤੋਂ ਵੀ ਵਧੇਰੇ ਬੋਲੀਆਂ ਵਿੱਚ ਉਪਲਬਧ ਹਨ।



© 2016 ਹੈਲਥਲਿੰਕ ਬੀ.ਸੀ. ਆਫ਼ ਕੈਨੇਡਾ। ਸਭ ਹੱਕ ਰਾਖਵੇਂ ਹਨ। ਸਮੁੱਚੇ ਤੌਰ 'ਤੇ ਮੁੜ ਛਾਪਿਆ ਜਾ ਸਕਦਾ ਹੈ ਬਸ਼ਰਤੇ ਕਿ ਸ੍ਰੋਤ ਨੂੰ ਮਾਨਤਾ ਦਿੱਤੀ ਜਾਵੇ।

ਇਸ ਜਾਣਕਾਰੀ ਦਾ ਮਕਸਦ ਤੁਹਾਡੇ ਡਾਕਟਰੀ ਮਸ਼ਵਰੇ ਜਾਂ ਕਿਸੇ ਰਜਿਸਟਰਡ ਡਾਇਟਿਸ਼ੀਅਨ ਤੋਂ ਲਈ ਵਿਅਕਤੀਗਤ ਕੌਂਸਲਿੰਗ ਦਾ ਬਦਲ ਪੇਸ਼ ਕਰਨਾ ਨਹੀਂ ਹੈ। ਇਹ ਸਮੱਗਰੀ ਇੱਕ ਜਨਤਕ ਸੇਵਾ ਦੇ ਤੌਰ 'ਤੇ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਸਿਰਫ਼ ਵਿੱਦਿਅਕ ਅਤੇ ਜਾਣਕਾਰੀ ਦੇ ਮਕਸਦਾਂ ਨਾਲ਼ ਦਿੱਤੀ ਜਾ ਰਹੀ ਹੈ।